# ਸੋਮਵਾਰ 19 ਫਰਵਰੀ 2018 ਤੋਂ ਐਤਵਾਰ 25 ਫਰਵਰੀ 2018 ਤੱਕ

- **21.2.18 ਬੁੱਧਵਾਰ: - 4.30 ਵਜ਼ੇ:-** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ਅਤੇ ਸਾਰੀ ਹੋਵੇਗੀ।
- **ਸ਼ਹੀਦੀ ਸਾਕਾ ਨਨਕਾਣਾ ਸਾਹਿਬ**

- **22.2.18 ਵੀਰਵਾਰ:-**
- **6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।
  ਨਨਕਾਣਾ ਸਾਹਿਬ ਦੇ ਸਬੰਧ ਵਿੱਚ

  **23.2.18 ਸ਼ੁਕਰਵਾਰ:- 10.00 ਵਜ਼ੇ:-**ਸਾਧ ਸੰਗਤ ਵੱਲੋਂ ਸਾਕਾ ਨਨਕਾਣਾ ਸਾਹਿਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

  **24.2.18 ਨਿਚਰਵਾਰ: - 15.00 ਵਜੇ:-** ਸ ਹਰਮਿੰਦਰ ਸਿੰਘ ਬੈਂਸ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ **4.00 ਵਜ਼ੇ:-** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

- **25.2.18 ਐਤਵਾਰ:- 10.00 ਵਜ਼ੇ: -** ਸਾਧ ਸੰਗਤ ਵਲੋਂ ਸਾਕਾ ਨਨਕਾਣਾ ਸਾਹਿਬ ਦੇ ਸਬੰਧ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

**Gurmat Day Camp on Saturday 17th March 2018. Start 9.30 AM -5.30 PM**

## ਮਾਰਚ

- 2 ਮਾਰਚ ਹੋਲਾ ਮਹੱਲਾ, **11 March Mother Day, 25 March Day Light Saving Time, 30 March Good Friday,** 14 ਮਾਰਚ ਸੰਗ੍ਰਾਂਦ ਚੇਤਰ, 14 ਮਾਰਚ ਗੁਰਗੱਦੀ ਸ੍ਰੀ ਗੁਰੂ ਹਰ ਰਾਇ ਸਾਹਿਬ ਜੀ, 19 ਮਾਰਚ ਜੋਤੀ ਜੋਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, 23 ਮਾਰਚ ਸ਼ਹੀਦੀ ਦਿਨ ਸ ਭਗਤ ਸਿੰਘ ਜੀ

- **ਸਾਕਾ ਨਨਕਾਣਾ ਸਾਹਿਬ**

ਬਲਰਾਜ ਸਿੰਘ ਸਿੱਧੂ

18ਵੀਂ ਸਦੀ ਵਿੱਚ ਜਦੋਂ ਮੁਗ਼ਲਾਂ ਖ਼ਿਲਾਫ਼ ਸਿੱਖ ਸੰਘਰਸ਼ ਚੱਲ ਰਿਹਾ ਸੀ ਤਾਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਦਾਸੀ ਅਤੇ ਨਿਰਮਲੇ ਸਾਧੂਆਂ ਕੋਲ ਆ ਗਈ। ਮਹਾਰਾਜਾ ਰਣਜੀਤ ਸਿੰਘ ਅਤੇ ਮਿਸਲਾਂ ਦੇ ਰਾਜ ਸਮੇਂ ਗੁਰਦੁਆਰਿਆਂ ਦੇ ਨਾਮ 'ਤੇ ਵੱਡੀਆਂ ਜਗੀਰਾਂ ਲਾ ਦਿੱਤੀਆਂ ਗਈਆਂ। ਭਾਰੀ ਆਮਦਨ ਅਤੇ ਕੋਈ ਕੰਟਰੋਲ ਨਾ ਹੋਣ ਕਾਰਨ ਮਹੰਤ ਹੌਲੀ ਹੌਲੀ ਅੱਯਾਸ਼ ਤੇ ਨਿਰੰਕੁਸ਼ ਬਣ ਗਏ।
ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਉਹ ਪਵਿੱਤਰ ਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1469 ਈਸਵੀ ਨੂੰ ਅਵਤਾਰ ਧਾਰਿਆ ਸੀ। ਇਸ ਸਥਾਨ ਦੇ ਨਾਮ 'ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ 19 ਹਜ਼ਾਰ ਏਕੜ ਦੀ ਜਗੀਰ ਅਤੇ 9892 ਰੁਪਏ ਸਾਲਾਨਾ ਸਰਕਾਰੀ ਭੇਟਾ ਲਾਈ ਗਈ ਸੀ। 1920-21 ਵਿੱਚ ਇਸ ਸਥਾਨ ਦਾ ਕੰਟਰੋਲ ਮਹੰਤ ਨਰਾਇਣ ਦਾਸ ਉਦਾਸੀ ਕੋਲ ਸੀ। ਉਦੋਂ ਇੱਕ ਲੱਖ ਰੁਪਏ ਤੋਂ ਵੱਧ ਜ਼ਮੀਨ ਦਾ ਠੇਕਾ ਆਉਂਦਾ ਸੀ ਤੇ ਲੱਖਾਂ ਰੁਪਏ ਚੜ੍ਹਾਵਾ ਚੜ੍ਹਦਾ ਸੀ। ਮਹੰਤ ਨੇ ਇਸ ਗੁਰਦੁਆਰੇ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਲਿਆ ਸੀ। ਗੁਰਦੁਆਰੇ ਵਿੱਚ ਆਉਣ ਵਾਲੇ ਸ਼ਰਧਾਲੂਆਂ ਅਤੇ ਬੀਬੀਆਂ ਨਾਲ ਬਦਤਮੀਜ਼ੀ ਕੀਤੀ ਜਾਂਦੀ ਸੀ। ਮੱਸੇ ਰੰਘੜ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ ਜਨਮ ਅਸਥਾਨ ਵਿੱਚ ਮੁਜਰੇ ਕਰਵਾਏ ਜਾਂਦੇ ਸਨ। 1920 ਵਿੱਚ ਗੁਰੂ ਘਰ ਦੇ ਦਰਸ਼ਨ ਕਰਨ ਆਈਆਂ ਫੈਸਲਾਬਾਦ ਜ਼ਿਲ੍ਹੇ ਦੇ ਜੜ੍ਹਾਂਵਾਲਾ ਪਿੰਡ ਦੀਆਂ 6 ਬੀਬੀਆਂ ਦੀ ਬੇਇਜ਼ਤੀ ਕੀਤੀ ਗਈ। ਇਸ ਕਾਂਡ ਨੇ ਸਾਰੇ ਪੰਜਾਬ ਵਿੱਚ ਮਹੰਤ ਖ਼ਿਲਾਫ਼ ਸਖ਼ਤ ਰੋਸ ਪੈਦਾ ਕਰ ਦਿੱਤਾ। ਥਾਂ ਥਾਂ 'ਤੇ ਸਮਾਗਮ ਕਰ ਕੇ ਸੰਗਤ ਨੂੰ ਮਹੰਤ ਦੀਆਂ ਕਰਤੂਤਾਂ ਬਾਰੇ ਦੱਸਿਆ ਗਿਆ।
ਗੁਰਦੁਆਰੇ ਦੇ ਮਹੰਤ ਨੂੰ ਗੱਲਬਾਤ ਲਈ ਤਿੰਨ ਮੌਕੇ ਦਿੱਤੇ ਗਏ ਪਰ ਉਸ ਨੇ ਕੋਈ ਪ੍ਰਵਾਹ ਨਾ ਕੀਤੀ ਅਤੇ ਸੁਧਾਰ ਕਰਨ ਦੀ ਬਜਾਏ ਮੁਕਾਬਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਧਰ ਸਰਕਾਰ ਵੀ ਗੁਰਦੁਆਰਾ ਸੁਧਾਰ ਲਹਿਰ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ। ਮਹੰਤ ਨੂੰ ਲਾਹੌਰ ਦੇ ਕਮਿਸ਼ਨਰ ਮਿਸਟਰ ਕਿੰਗ ਦੀ ਖੁੱਲ੍ਹੀ ਹਮਾਇਤ ਮਿਲ ਰਹੀ ਸੀ। ਉਸ ਨੇ ਪੰਥ ਦਾ ਮੁਕਾਬਲਾ ਕਰਨ ਲਈ 500 ਗੁੰਡੇ 20 ਰੁਪਏ ਪ੍ਰਤੀ ਮਹੀਨਾ ਦੀ ਤਨਖ਼ਾਹ 'ਤੇ ਭਰਤੀ ਕਰ ਲਏ। ਭਾਰੀ ਮਾਤਰਾ ਵਿੱਚ ਰਾਈਫਲਾਂ, ਪਿਸਤੌਲ, ਕਿਰਪਾਨਾਂ, ਮਿੱਟੀ ਦਾ ਤੇਲ ਅਤੇ ਟਕੂਏ ਵੀ ਇਕੱਠੇ ਕੀਤੇ ਗਏ। ਉਸ ਨੇ ਗੁਰਦੁਆਰੇ ਵਿੱਚ ਕਿਲ੍ਹਾਬੰਦੀ ਕਰ ਕੇ ਮੋਰਚੇ ਬਣਾ ਲਏ।
17 ਫਰਵਰੀ 1921 ਨੂੰ ਗੁਰਦੁਆਰਾ ਸੱਚਾ ਸੌਦਾ ਵਿੱਚ ਮੀਟਿੰਗ ਦੌਰਾਨ ਪ੍ਰਬੰਧਕ ਕਮੇਟੀ ਨੇ ਫ਼ੈਸਲਾ ਕੀਤਾ ਕਿ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ ਝੱਬਰ ਦੋ ਜਥੇ ਲੈ ਕੇ 19 ਫਰਵਰੀ ਨੂੰ ਪਿੰਡ ਚੰਦਰਕੋਟ ਇਕੱਠੇ ਹੋਣ ਅਤੇ ਉੱਥੋਂ ਚੱਲ ਕੇ 20 ਫਰਵਰੀ ਨੂੰ

ਅੰਮ੍ਰਿਤ ਵੇਲੇ ਗੁਰਦੁਆਰੇ ਦਾ ਕੰਟਰੋਲ ਮਹੰਤ ਕੋਲੋਂ ਲੈ ਲੈਣ। ਪਰ ਜਦੋਂ ਕਮੇਟੀ ਨੂੰ ਮਹੰਤ ਦੀਆਂ ਤਿਆਰੀਆਂ ਬਾਰੇ ਪਤਾ ਲੱਗਾ, ਜਥੇ ਭੇਜਣ ਦਾ ਪ੍ਰੋਗਰਾਮ ਮੁਲਤਵੀ ਕਰ ਦੇਣ ਦਾ ਫ਼ੈਸਲਾ ਕੀਤਾ ਗਿਆ। ਭਾਈ ਕਰਤਾਰ ਸਿੰਘ ਝੱਬਰ ਤਾਂ ਉਸ ਮੀਟਿੰਗ ਵਿੱਚ ਹਾਜ਼ਰ ਸਨ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਚੰਦਰਕੋਟ ਲਈ ਨਿਕਲ ਚੁੱਕੇ ਸਨ। ਭਾਈ ਧਾਰੋਵਾਲੀ ਨੂੰ ਸੂਚਨਾ ਦੇਣ ਦੀ ਜ਼ਿੰਮੇਵਾਰੀ ਭਾਈ ਝੱਬਰ ਨੂੰ ਸੌਂਪੀ ਗਈ। ਉਨ੍ਹਾਂ ਨੇ ਫੌਰਨ ਭਾਈ ਵਰਿਆਮ ਸਿੰਘ ਨੂੰ ਭਾਈ ਧਾਰੋਵਾਲੀ ਨੂੰ ਸੂਚਨਾ ਦੇਣ ਲਈ ਰਵਾਨਾ ਕਰ ਦਿੱਤਾ।
ਉਧਰ ਭਾਈ ਲਛਮਣ ਸਿੰਘ ਧਾਰੋਵਾਲੀ ਆਪਣੇ ਸਾਥੀਆਂ ਸਮੇਤ ਪਿੰਡ ਚੰਦਰਕੋਟ ਪਹੁੰਚ ਗਏ। ਇੱਥੇ ਜਥੇਦਾਰ ਟਹਿਲ ਸਿੰਘ ਨੇ 150 ਸਿੰਘਾਂ ਦਾ ਜਥਾ ਤਿਆਰ ਕੀਤਾ ਹੋਇਆ ਸੀ। ਇਹ ਸਿੰਘ ਪਿੰਡ ਮੂਲਾ ਸਿੰਘ ਵਾਲਾ, ਨਿਜ਼ਾਮਪੁਰ ਚੇਲੇਵਾਲਾ, ਡੱਲਾ ਚੰਦ ਸਿੰਘ, ਬੋਹੜੂ, ਢੋਟੀਆਂ, ਨਿਜ਼ਾਮ ਦੇਵਾ ਸਿੰਘ ਵਾਲਾ ਆਦਿ ਜ਼ਿਲ੍ਹਾ ਸ਼ੇਖੂਪੁਰ ਦੇ ਸਨ। ਕਾਫ਼ੀ ਦੇਰ ਤੱਕ ਭਾਈ ਝੱਬਰ ਦੇ ਜਥੇ ਦਾ ਇੰਤਜ਼ਾਰ ਕਰਨ ਤੋਂ ਬਾਅਦ ਜਥਾ 19 ਫਰਵਰੀ ਰਾਤ 10 ਵਜੇ ਅਰਦਾਸਾ ਸੋਧ ਕੇ ਚੱਲ ਪਿਆ। ਰਸਤੇ ਵਿੱਚ ਜਥੇ ਦੀ ਗਿਣਤੀ 200 ਤੋਂ ਵਧ ਗਈ। ਉਸੇ ਸਮੇਂ ਭਾਈ ਵਰਿਆਮ ਸਿੰਘ, ਕਮੇਟੀ ਵੱਲੋਂ ਪ੍ਰੋਗਰਾਮ ਮੁਲਤਵੀ ਕਰਨ ਦੀ ਸੂਚਨਾ ਲੈ ਕੇ ਉੱਥੇ ਪਹੁੰਚ ਗਏ ਪਰ ਜਥੇਦਾਰ ਟਹਿਲ ਸਿੰਘ ਤੇ ਹੋਰ ਸਿੰਘਾਂ ਨੇ ਕਿਹਾ ਕਿ ਅਰਦਾਸਾ ਸੋਧਿਆ ਜਾ ਚੁੱਕਾ ਹੈ। ਹੁਣ ਚਾਹੇ ਸ਼ਹੀਦੀਆਂ ਪ੍ਰਾਪਤ ਕਰਨੀਆਂ ਪੈਣ, ਵਾਪਸ ਨਹੀਂ ਮੁੜਿਆ ਜਾਵੇਗਾ। ਜਥਾ ਜੈਕਾਰੇ ਛੱਡਦਾ ਹੋਇਆ ਨਨਕਾਣਾ ਸਾਹਿਬ ਵੱਲ ਚੱਲ ਪਿਆ। ਜਦੋਂ ਜਥਾ ਗੁਰਦੁਆਰੇ ਨਜ਼ਦੀਕ ਪੁੱਜਾ ਤਾਂ ਪਾਲ ਸਿੰਘ ਲਾਇਲਪੁਰੀ ਨੇ ਜਥੇ ਨੂੰ ਦੱਸਿਆ ਕਿ ਮਹੰਤ ਕਤਲੇਆਮ ਕਰਨ ਲਈ ਪੂਰੀ ਤਿਆਰੀ ਕਰੀ ਬੈਠਾ ਹੈ। ਸਾਹਮਣੇ ਨਜ਼ਰ ਆਉਂਦੀ ਨਿਸ਼ਚਿਤ ਮੌਤ ਦੇ ਬਾਵਜੂਦ ਭਾਈ ਧਾਰੋਵਾਲੀ ਸਿੱਖਾਂ ਦੀ ਅਣਖ ਨੂੰ ਦਾਗ ਲਾਉਣ ਲਈ ਤਿਆਰ ਨਹੀਂ ਸਨ। ਜਥਾ ਜੈਕਾਰੇ ਛੱਡਦਾ ਹੋਇਆ 6 ਵਜੇ ਸਵੇਰੇ ਗੁਰੂ ਘਰ ਅੰਦਰ ਪ੍ਰਵੇਸ਼ ਕਰ ਗਿਆ।
ਸਰੋਵਰ ਵਿੱਚ ਇਸ਼ਨਾਨ ਕਰਨ ਉਪਰੰਤ ਜਥਾ ਦਰਬਾਰ ਸਾਹਿਬ ਵਿੱਚ ਸਜ ਗਿਆ। ਕੁਝ ਸਿੰਘ ਦਰਸ਼ਨੀ ਡਿਉੜੀ ਵਿੱਚ ਬੈਠ ਗਏ। ਭਾਈ ਲਛਮਣ ਸਿੰਘ ਧਾਰੋਵਾਲੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਚੌਰ ਦੀ ਸੇਵਾ ਕਰਨ ਲੱਗੇ। ਸੰਗਤ ਸ਼ਾਂਤੀ ਨਾਲ ਸਤਿਨਾਮ ਵਹਿਗੁਰੂ ਦਾ ਜਾਪ ਕਰ ਰਹੀ ਸੀ। ਅਸਲ ਵਿੱਚ ਮਹੰਤ ਨੂੰ ਜਥੇ ਦੇ ਚੰਦਰਕੋਟ ਪੁੱਜਣ ਤੋਂ ਲੈ ਕੇ ਹਰ ਗਤੀਵਿਧੀ ਦੀ ਖ਼ਬਰ ਮਿਲ ਰਹੀ ਸੀ। ਮਹੰਤ ਨੇ ਰਾਤ ਹੀ ਗੁੰਡਿਆਂ ਦੀਆਂ ਡਿਊਟੀਆਂ ਲਾ ਦਿੱਤੀਆਂ ਸਨ। ਉਸ ਨੇ ਮੁੱਖ ਦਵਾਰ ਬੰਦ ਕਰ ਕੇ ਛੱਤਾਂ ਤੋਂ ਗੋਲਾਬਾਰੀ ਸ਼ੁਰੂ ਕਰ ਦਿੱਤੀ। ਗੋਲੀਆਂ ਕਾਰਨ 26 ਸਿੰਘ ਵਿਹੜੇ ਅਤੇ 60 ਦਰਬਾਰ ਸਾਹਿਬ ਅੰਦਰ ਸ਼ਹੀਦ ਹੋ ਗਏ। ਇਸ ਪਿੱਛੋਂ ਮਹੰਤ ਨੇ ਗੁੰਡਿਆਂ ਸਮੇਤ ਤਲਵਾਰਾਂ ਤੇ ਗੰਡਾਸੇ ਸੂਤ ਕੇ ਸਹਿਕਦੇ ਹੋਏ ਸਿੰਘਾਂ ਨੂੰ ਟੁੱਕਣਾ ਸ਼ੁਰੂ ਕਰ ਦਿੱਤਾ। ਗੋਲੀਆਂ ਦੀ ਅਵਾਜ਼ ਸੁਣ ਕੇ ਨਜ਼ਦੀਕ ਹੀ ਉੱਤਮ ਸਿੰਘ ਦੀ ਫੈਕਟਰੀ ਵਿੱਚ ਬੈਠੇ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਗੁਰਦੁਆਰੇ ਵੱਲ ਭੱਜੇ। ਮਹੰਤ ਨੇ ਭਾਈ ਦਲੀਪ ਸਿੰਘ ਨੂੰ ਖ਼ੁਦ ਪਿਸਤੌਲ ਦੀ ਗੋਲੀ ਮਾਰੀ ਤੇ ਉਸ ਦੇ ਗੁੰਡਿਆਂ ਨੇ ਭਾਈ ਵਰਿਆਮ ਸਿੰਘ ਦੇ ਟੁਕੜੇ ਕਰ ਦਿੱਤੇ। ਦੋਵਾਂ ਦੀਆਂ ਲਾਸ਼ਾਂ ਵੀ ਅੱਗ ਵਿੱਚ ਸੁੱਟ ਦਿੱਤੀਆਂ ਗਈਆਂ। ਪਵਿੱਤਰ ਸਥਾਨ ਸ਼ਹੀਦਾਂ ਦੇ ਖ਼ੂਨ ਨਾਲ ਲਾਲ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿੱਚ ਵੀ ਕਈ ਗੋਲੀਆਂ ਲੱਗੀਆਂ। ਭਾਈ ਧਾਰੋਵਾਲੀ ਨੂੰ ਗੋਲੀ ਨਾਲ ਜ਼ਖ਼ਮੀ ਹੋਏ ਨੂੰ ਜੰਡ ਦੇ ਦਰਖ਼ਤ ਨਾਲ ਪੁੱਠਾ ਟੰਗ ਕੇ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ। ਜਦ ਤੱਕ ਪੁਲੀਸ ਅਤੇ ਲੋਕ ਗੁਰਦੁਆਰਾ ਸਾਹਿਬ ਪਹੁੰਚੇ, ਸਾਰੇ ਸਿੰਘ ਭਸਮ ਹੋ ਚੁੱਕੇ ਸਨ।
ਸਵੇਰੇ ਸਵਾ ਨੌਂ ਉੱਤਮ ਸਿੰਘ ਨੇ ਕਰਮ ਸਿੰਘ ਸਟੇਸ਼ਨ ਮਾਸਟਰ, ਨਨਕਾਣਾ ਸਾਹਿਬ ਰਾਹੀਂ ਗਵਰਨਰ ਪੰਜਾਬ, ਕਮਿਸ਼ਨਰ ਲਾਹੌਰ, ਡਿਪਟੀ ਕਮਿਸ਼ਨਰ, ਐੱਸ.ਪੀ. ਅਤੇ ਮੁੱਖ ਸਿੱਖ ਸੰਸਥਾਵਾਂ ਨੂੰ ਟੈਲੀਗ੍ਰਾਮ ਰਾਹੀਂ ਸੂਚਿਤ ਕਰ ਦਿੱਤਾ। ਪਤਾ ਲੱਗਣ ’ਤੇ ਸਾਰੇ ਦੇਸ਼ ਵਿੱਚ ਹਾਹਕਾਰ ਮੱਚ ਗਈ। ਸਾਰੇ ਪੰਜਾਬ ਤੋਂ ਸਿੱਖ ਵਹੀਰਾਂ ਘੱਤ ਕੇ ਨਨਕਾਣਾ ਸਾਹਿਬ ਨੂੰ ਚੱਲ ਪਏ। ਡਿਪਟੀ ਕਮਿਸ਼ਨਰ ਕਰੀਬ ਸਾਢੇ 12 ਵਜੇ ਦੁਪਹਿਰ ਤੇ ਕਮਿਸ਼ਨਰ ਕਿੰਗ ਰਾਤ ਸਾਢੇ 9 ਵਜੇ ਪਹੁੰਚ ਗਏ। ਸ਼ਹਿਰ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ। ਮਹੰਤ ਅਤੇ ਉਸ ਦੇ 30-35 ਗੁੰਡੇ ਗ੍ਰਿਫ਼ਤਾਰ ਕਰ ਲਏ ਗਏ। 21 ਤਾਰੀਕ ਨੂੰ ਭਾਈ ਕਰਤਾਰ ਸਿੰਘ ਝੱਬਰ ਕਰੀਬ 2 ਹਜ਼ਾਰ ਸਿੰਘਾਂ ਦੇ ਜਥੇ ਸਮੇਤ ਨਨਕਾਣਾ ਸਾਹਿਬ ਪਹੁੰਚ ਗਏ। ਭਾਈ ਝੱਬਰ ਨੂੰ ਦੱਸਿਆ ਗਿਆ ਕਿ ਜੇ ਸ਼ਹਿਰ ਅੰਦਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਦਿੱਤੀ ਜਾਵੇਗੀ। ਪਰ ਸੰਗਤ ਦੇ ਜੋਸ਼ ਤੋਂ ਡਰ ਕੇ ਕਮਿਸ਼ਨਰ ਨੇ 22 ਫਰਵਰੀ ਨੂੰ ਗੁਰਦੁਆਰੇ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ ਝੱਬਰ ਦੇ ਹਵਾਲੇ ਕਰ ਦਿੱਤੀਆਂ। 22 ਫਰਵਰੀ ਨੂੰ ਸਾਢੇ 7 ਵਜੇ ਪੂਰਨ ਗੁਰ ਮਰਿਆਦਾ ਨਾਲ ਜਥੇ ਦੇ ਸਿੰਘਾਂ ਦੇ ਅੰਗਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਸਰਕਾਰੀ ਤੌਰ ’ਤੇ ਇਸ ਸਾਕੇ ਵਿੱਚ 86 ਸਿੱਖਾਂ ਦੇ ਸ਼ਹੀਦ ਹੋਣ ਬਾਰੇ ਦੱਸਿਆ ਗਿਆ ਹੈ। ਪਰ ਸਮਕਾਲੀ ਲੇਖਕਾਂ ਮੁਤਾਬਕ 150 ਸਿੰਘ ਸ਼ਹੀਦ ਹੋਏ। ਮੌਕੇ ’ਤੇ ਗਏ ਇੰਸਪੈਕਟਰ ਬਚਨ ਸਿੰਘ ਨੇ ਸ਼ਹੀਦਾਂ ਦੀ ਗਿਣਤੀ 156 ਦੱਸੀ ਹੈ।
ਇਸ ਅਣਮਨੁੱਖੀ ਕਤਲੇਆਮ ਤੋਂ ਸਾਰਾ ਦੇਸ਼ ਹੈਰਾਨ ਰਹਿ ਗਿਆ। ਵੱਡੇ ਕੌਮੀ ਲੀਡਰ ਨਨਕਾਣਾ ਸਾਹਿਬ ਪਹੁੰਚੇ। ਪੰਜਾਬ ਦਾ ਗਵਰਨਰ ਐਡਵਰਡ ਮੈਕਲਾਗਨ ਵੀ 22 ਫਰਵਰੀ ਨੂੰ ਨਨਕਾਣਾ ਸਾਹਿਬ ਪੁੱਜਾ। ਮਹਾਤਮਾ ਗਾਂਧੀ ਮੁਸਲਿਮ ਲੀਡਰਾਂ ਸ਼ੌਕਤ ਅਲੀ ਅਤੇ ਮੁਹੰਮਦ ਅਲੀ ਸਮੇਤ 3 ਮਾਰਚ ਨੂੰ ਨਨਕਾਣਾ ਸਾਹਿਬ ਆਏ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਮਹਾਰਾਜਾ ਦਲੀਪ ਸਿੰਘ ਦੀ ਬੇਟੀ ਬੰਬਾ ਦਲੀਪ ਸਿੰਘ ਵੀ ਸ਼ਰਧਾਂਜਲੀ ਭੇਟ ਕੀਤੀ। 5 ਅਪਰੈਲ 1921 ਨੂੰ ਮਹੰਤ ਨਰਾਇਣ ਦਾਸ ਅਤੇ ਸਾਥੀਆਂ ਦੇ ਖ਼ਿਲਾਫ਼ ਮੁਕੱਦਮਾ ਸ਼ੁਰੂ ਹੋਇਆ। ਸੈਸ਼ਨ ਕੋਰਟ ਨੇ 12 ਅਕਤੂਬਰ 1921 ਨੂੰ ਨਰਾਇਣ ਦਾਸ ਤੇ 7 ਹੋਰ ਦੋਸ਼ੀਆਂ ਨੂੰ ਫਾਂਸੀ, 8 ਨੂੰ ਉਮਰ ਕੈਦ, 16 ਨੂੰ 7 ਸਾਲ ਦੀ ਕੈਦ ਅਤੇ ਬਾਕੀਆਂ ਨੂੰ ਬਰੀ ਕਰ ਦਿੱਤਾ। ਮਹੰਤ ਵੱਲੋਂ ਇਸ ਫ਼ੈਸਲੇ ਖ਼ਿਲਾਫ਼ ਲਾਹੌਰ ਹਾਈ ਕੋਰਟ ਵਿੱਚ ਅਪੀਲ ਕਰਨ ਉਪਰੰਤ ਲਾਹੌਰ ਹਾਈ ਕੋਰਟ ਨੇ 3 ਮਾਰਚ 1922 ਨੂੰ ਮਹੰਤ ਅਤੇ ਹੋਰ ਗੁੰਡਿਆਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ। 3 ਗੁੰਡਿਆਂ ਨੂੰ 7-7 ਸਾਲ ਤੇ ਬਾਕੀ ਸਾਰੇ ਬਰੀ ਕਰ ਦਿੱਤੇ।
ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਪੰਥ ਨੇ ਭਾਰੀ ਮਾਣ ਸਨਮਾਨ ਦਿੱਤਾ। ਉਨ੍ਹਾਂ ਦਾ ਨਾਮ ਅਰਦਾਸ ਵਿੱਚ ਸ਼ਾਮਲ ਕੀਤਾ ਗਿਆ ਹੈ। ਹਰ ਸਿੱਖ ਅਰਦਾਸ ਵੇਲੇ ਉਨ੍ਹਾਂ ਅੱਗੇ ਸੀਸ ਝੁਕਾਉਂਦਾ ਹੈ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿੱਚ ਅਜੇ ਵੀ ਉਹ ਹਥਿਆਰ ਅਤੇ ਪੱਥਰ ਮੌਜੂਦ ਹਨ ਜਿਨ੍ਹਾਂ ’ਤੇ ਰੱਖ ਕੇ ਸਿੱਖਾਂ ਨੂੰ ਟੁੱਕਿਆ ਗਿਆ ਸੀ। ਅਜੇ ਤੱਕ ਇਨ੍ਹਾਂ ਹਥਿਆਰਾਂ ’ਤੇ ਸ਼ਹੀਦਾਂ ਦਾ ਖ਼ੂਨ ਅਤੇ ਸੁੱਕੇ ਮਾਸ ਦੇ ਟੁਕੜੇ ਲੱਗੇ ਹੋਏ ਹਨ।
Balraj Singh Sidhu
ਸੰਪਰਕ: 98151-24449